ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ) ਪੰਜਾਬ ਕੰਪਲੈਕਸ
ਪੰਜਾਬ ਸਕੂਲ ਸਿੱਖਿਆ ਬੋਰਡ, ਫੇਜ-8, ਐਸ.ਏ.ਐਸ. ਨਗਰ
(ਸਪੋਰਟਸ ਸਾਖਾ)

---

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ/ਐਸਿ),
ਪੰਜਾਬ।
ਸਮੂਹ ਸਕੂਲ ਮੁੱਖੀ,
ਸਰਕਾਰੀ ਪ੍ਰਾਇਮਰੀ, ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲ।

ਈ ਫਾਈਲ ਨੰ: 380517/
ਮਿਤੀ ਐਸਏਐਸ ਨਗਰ: 14-12-2022

**ਵਿਸ਼ਾ: ਸਮੱਗਰਾ ਸਿੱਖਿਆ ਅਭਿਆਨ ਤੋਂ ਸਪੋਰਟਸ ਅਤੇ ਫਿਜੀਕਲ ਐਜੂਕੇਸ਼ਨ ਸਾਲ 2022-23 ਅਧੀਨ ਪ੍ਰਾਪਤ ਗ੍ਰਾਂਟ ਦੀ ਵਰਤੋਂ ਕਰਨ ਸਬੰਧੀ ਦਿਸ਼ਾ ਨਿਰਦੇਸ।**

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਸਮੱਗਰਾ ਸਿੱਖਿਆ ਸਾਲ 2022-23 ਤਹਿਤ ਭਾਰਤ ਸਰਕਾਰ ਵੱਲੋਂ ਸਪੋਰਟਸ ਅਤੇ ਫਿਜੀਕਲ ਐਜੂਕੇਸ਼ਨ ਲਈ ਸਮੂਹ ਸਰਕਾਰੀ ਪ੍ਰਾਇਮਰੀ ਸਕੂਲਾਂ ਨੂੰ 5000/- ਪ੍ਰਤੀ ਸਕੂਲ, ਸਮੂਹ ਸਰਕਾਰੀ ਮਿਡਲ ਸਕੂਲਾਂ ਨੂੰ 10000/- ਪ੍ਰਤੀ ਸਕੂਲ, ਸਰਕਾਰੀ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਨੂੰ 25,000/- ਰੁਪਏ ਪ੍ਰਤੀ ਸਕੂਲ ਦੀ ਦਰ ਨਾਲ ਰਾਸ਼ੀ ਮੰਨਜੂਰ ਕੀਤੀ ਗਈ ਹੈ ਜੋ ਕਿ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਐਸਿ) ਦੇ ਦਫਤਰੀ ਆਕਊਂਟ ਵਿੱਚ ਮੁੱਖ ਦਫਤਰ ਸਰਵ ਸਿੱਖਿਆ ਅਭਿਆਨ, ਪੰਜਾਬ, ਐਸਏਐਸ ਨਗਰ ਵੱਲੋਂ ਟ੍ਰਾਂਸਫਰ ਕਰ ਦਿੱਤੀ ਗਈ ਹੈ। ਇਸ ਲਈ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਐਸਿ) ਨਾਲ ਤਾਲਮੇਲ ਕੀਤਾ ਜਾਵੇ।

ਉਕਤ ਰਾਸ਼ੀ ਨੂੰ ਖਰਚ ਕਰਨ ਲਈ ਇਨ੍ਹਾਂ ਫੰਡਜ ਨਾਲ ਹਰੇਕ ਸਕੂਲ ਵੱਲੋਂ ਖੇਡ ਮੈਦਾਨ ਤਿਆਰ ਕਰਨ ਅਤੇ ਖੇਡ ਨਾਲ ਸਬੰਧਤ ਸਮਾਨ ਖਰੀਦ ਕਰਨ ਸਮੇਂ ਹੇਠ ਲਿਖੇ ਨਿਯਮਾਂ ਦਾ ਪਾਲਣ ਕਰਨਾ ਲਾਜਮੀ ਹੋਵੇਗਾ:-

ੳ) ਸਕੂਲ ਵੱਲੋਂ ਤਿੰਨ ਮੈਂਬਰੀ ਖਰੀਦ ਕਮੇਟੀ ਦਾ ਗਠਨ ਕੀਤਾ ਜਾਵੇਗਾ। ਜਿਸ ਸਕੂਲ ਵਿੱਚ ਸਪੋਰਟਸ ਦਾ ਸਬੰਧਤ ਅਧਿਆਪਕ ਕੰਮ ਕਰ ਰਿਹਾ ਹੈ, ਉਸ ਨੂੰ ਕਮੇਟੀ ਵਿੱਚ ਮੈਂਬਰ ਸ਼ਾਮਿਲ ਕਰਨਾ ਯਕੀਨੀ ਬਣਾਇਆ ਜਾਵੇ।

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ. ਸਿ) ਬਠਿੰਡਾ
ਪਿੱਠ ਅੰਕਣ ਨੰ- ਖ-6/1(C)/2022/364 ਮਿਤੀ 16-12-2022

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ ਲਿਖਕੇ ਭੇਜਿਆ ਜਾਂਦਾ ਹੈ ਕਿ ਇਸ ਪੱਤਰ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਜ਼ਿਲ੍ਹਾ ਸਿੱਖਿਆ ਅਫਸਰ (ਸੈ. ਸਿ)
ਬਠਿੰਡਾ।

Scanned with Oken Scanner

ਅ) ਸਾਰਾ ਖਰਚਾ ਸਕੂਲ ਮੈਨੇਜਮੈਂਟ ਕਮੇਟੀ ਵੱਲ੍ਹ ਸਮੱਗਰਾ ਸਿੱਖਿਆ ਦੇ ਵਿੱਤੀ ਨਿਯਮਾਂ ਅਨੁਸਾਰ ਕੀਤਾ ਜਾਵੇ।

ੲ) ਖੇਡ ਮੈਦਾਨ ਵਿਕਸਿਤ ਕਰਨ ਲਈ ਲੋੜੀਂਦਾ ਸਮਾਨ ਖਰੀਦਣ ਲਈ ਸਬੰਧਤ ਸਕਲ ਮੁੱਖੀ ਦਫਤਰੀ ਰਿਕਾਰਡ ਵਿੱਚ ਇਸ ਸਬੰਧੀ ਮਤਾ ਪਾ ਕੇ ਸਕੂਲ ਲਈ ਖੇਡਾਂ ਸਬੰਧੀ ਲੋੜੀਂਦਾ ਸਮਾਨ ਖਰੀਦ ਸਕਦਾ ਹੈ।

ਸ) ਸਮਾਨ ਖਰੀਦ ਕਰਨ ਉਪਰੰਤ ਖਰੀਦ ਕੀਤੇ ਗਏ ਸਮਾਨ ਦਾ ਇੰਦਰਾਜ ਸਕੂਲ ਦੇ ਸਟਾਕ ਰਜਿਸਟਰ ਵਿੱਚ ਕੀਤਾ ਜਾਵੇ, ਉਸ ਉਪਰੰਤ ਕ੍ਰਮਵਾਰ ਵਰਤੋਂ ਵੀ ਦਰਸਾਈ ਜਾਵੇ। ਖਰੀਦ ਕਰਨ ਉਪਰੰਤ ਖਰੀਦੇ ਗਏ ਸਮਾਨ ਦਾ ਵਰਤੋਂ ਸਰਟੀਫਿਕੇਟ ਸਕੂਲ ਮੁੱਖੀ ਵੱਲੋਂ ਇੱਕ ਮਹੀਨੇ ਦੇ ਅੰਦਰ-ਅੰਦਰ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਐਸਿ) ਨੂੰ ਪੁੱਜਦੇ ਕਰਨੇ ਯਕੀਨੀ ਬਣਾਏ ਜਾਣ।

ਹ) ਖੇਡ ਮੈਦਾਨ ਵਿਕਸਿਤ ਕਰਨ ਵੇਲੇ ਬੱਚਿਆਂ ਦੀ ਉਮਰ, ਲਿੰਗ (ਲੜਕੇ/ਲੜਕੀਆਂ ਦੀ ਵਰਤੋਂ ਵਿੱਚ ਆਉਣ ਵਾਲੇ) ਦਾ ਵਿਸੇਸ਼ ਧਿਆਨ ਰੱਖਿਆ ਜਾਵੇ।

ਕ) ਖੇਡ ਮੈਦਾਨ ਵਿਕਸਿਤ ਕਰਨ, ਲੋੜੀਂਦੀ ਖਰੀਦ ਬੱਚਿਆਂ ਦੀ ਗਿਣਤੀ ਅਨੁਸਾਰ ਹੀ ਕੀਤੀ ਜਾਵੇ।

ਖ) ਪਿਛਲੇ ਸਾਲਾਂ ਦੌਰਾਨ ਵਿਭਾਗ ਦੇ ਧਿਆਨ ਵਿੱਚ ਆਇਆ ਹੈ ਕਿ ਬਹੁਤ ਸਾਰੇ ਸਕੂਲ ਮੁੱਖੀਆਂ ਵੱਲੋਂ ਇੱਕੋ ਦੁਕਾਨ ਤੋਂ ਹੀ ਬਿਨਾਂ ਕੁਟੇਸ਼ਨਾਂ ਲਏ ਅਤੇ ਬਿਨਾਂ ਵਿੱਤੀ ਨਿਯਮਾਂ ਦਾ ਪਾਲਣ ਕੀਤੇ ਖੇਡ ਸਮਾਨ ਦੀ ਖਰੀਦ ਕੀਤੀ ਗਈ ਹੈ। ਜੇਕਰ ਕੋਈ ਸਕੂਲ ਮੁੱਖੀ ਨਿਯਮਾਂ ਅਨੁਸਾਰ ਸਮਾਨ ਦੀ ਖਰੀਦ ਨਹੀਂ ਕਰੇਗਾ ਤਾਂ ਉਸ ਤੇ ਵਿਭਾਗੀ ਕਾਰਵਾਈ ਕੀਤੀ ਜਾਵੇਗੀ। ਵਿਭਾਗ ਦੀਆਂ ਟੀਮਾਂ ਉਕਤ ਖਰੀਦ ਦੀ ਮਾਨੀਟਰਿੰਗ ਕਰਨਗੀਆਂ।

ਉਪਰੋਕਤ ਅਨੁਸਾਰ ਸਮੱਗਰਾ ਸਿੱਖਿਆ ਅਭਿਆਨ ਵੱਲੋਂ ਸਪੋਰਟਸ ਅਤੇ ਫਿਜੀਕਲ ਐਜੂਕੇਸ਼ਨ ਅਧੀਨ ਜਾਰੀ ਗ੍ਰਾਂਟ ਨੂੰ ਉਕਤ ਦਿਸ਼ਾ ਨਿਰਦੇਸ਼ਾਂ ਅਨੁਸਾਰ ਜਲਦ ਤੋਂ ਜਲਦ ਖਰਚ ਕਰਨਾ ਯਕੀਨੀ ਬਣਾਇਆ ਜਾਵੇ।

ਡਿਪਟੀ ਡਾਇਰੈਕਟਰ (ਫਿਜੀਕਲ ਐਜੂਕੇਸ਼ਨ)

Scanned with Oken Scanner